# 6th BRICS Foreign Policy Planning Dialogue (December 10, 2021)

December 10, 2021

................................

## BRICS ਦਾ 6ਵਾਂ ਵਦਿੇਸ਼ ਨੀਤੀ ਯੋਜਨਾ ਸੰਵਾਦ (10 ਦਸੰਬਰ, 2021)

10 ਦਸੰਬਰ, 2021

ਭਾਰਤ ਦੀ BRICS 2021 ਦੀ ਪ੍ਰਧਾਨਗੀ ਹੇਠ BRICS ਦਾ 6ਵਾਂ ਵਿਦੇਸ਼ ਨੀਤੀ ਯੋਜਨਾ ਸੰਵਾਦ 10 ਦਸੰਬਰ, 2021 ਨੂੰ ਵਰਚੁਅਲ ਫਾਰਮੈਟ ਵਿੱਚ ਸਫਲਤਾਪੂਰਵਕ ਹੋਇਆ। ਇਸ ਸੰਵਾਦ ਦੀ ਪ੍ਰਧਾਨਗੀ ਵਿਦੇਸ਼ ਮੰਤਰਾਲੇ ਅੰਦਰ ਨੀਤੀ ਯੋਜਨਾ ਡਿਵੀਜ਼ਨ ਦੇ ਡਾਇਰੈਕਟਰ ਦੁਆਰਾ ਕੀਤੀ ਗਈ ਅਤੇ ਇਸ ਵਿੱਚ BRICS ਦੇਸ਼ਾਂ ਦੀਆਂ ਵਿਦੇਸ਼ੀ ਨੀਤੀ ਯੋਜਨਾਬੰਦੀ ਇਕਾਈਆਂ ਦੇ ਮੁਖੀਆਵਾਂ ਨੇ ਸ਼ਿਰਕਤ ਕੀਤੀ।

ਰੋਜ਼ਮਰ੍ਹਾ ਕੂਟਨੀਤੀ ਦੇ ਤਤਕਾਲੀ ਮੁੱਦਿਆਂ ਤੋਂ ਪਰੇ ਆਲਮੀ ਪਰਿਪੇਖ ਨੂੰ ਬਦਲਣ ਵਾਲੇ ਮੁੱਖ ਰੁਝਾਨਾਂ ਅਤੇ ਇਨ੍ਹਾਂ ਦੇ ਪ੍ਰਭਾਵਾਂ, ਬਹੁ-ਪੱਖੀ ਪ੍ਰਣਾਲੀ ਵਿੱਚ ਸੁਧਾਰ ਅਤੇ ਹੋਰ ਮੁੱਖ ਮੁੱਦਿਆਂ ਬਾਰੇ ਲਾਹੇਵੰਦ ਵਟਾਂਦਰੇ ਹੋਏ।

ਇਸ ਸੰਵਾਦ ਸਦਕਾ BRICS ਮੈਂਬਰਾਂ ਨੂੰ ਆਪੋ-ਆਪਣੇ ਵਿਦੇਸ਼ ਨੀਤੀ ਯੋਜਨਾ ਇਕਾਈਆਂ ਦੁਆਰਾ ਅਪਣਾਏ ਜਾਂਦੇ ਵਧੀਆ ਅਭਿਆਸਾਂ ਨੂੰ ਸਾਂਝਾ ਕਰਨ ਦਾ ਮੌਕਾ ਵੀ ਮਿਲਿਆ।

ਨਵੀਂ ਦਿੱਲੀ
10 ਦਸੰਬਰ, 2021

DISCLAIMER: This is an approximate translation. The original is available in English on MEA's website and may be referred to as the official press release.